# ਪ੍ਰੈਸ ਨੋਟ

## ਆਪਣੀਆ ਸੱਮਸਿਆਵਾਂ ਲੈ ਕੇ ਦਫਤਰ ਆਉਣ ਵਾਲੇ ਲੋਕਾਂ ਲਈ ਵੈਟਿੰਗ ਰੂਮ ਕਰਵਾਇਆ ਜਾ ਰਿਹਾ ਹੈ ਤਿਆਰ

## ਐਸ.ਐਸ.ਪੀ ਦਫਤਰ ਵਿਖੇ ਸਮੱਸਿਆਵਾਂ/ਦਰਖਾਸਤਾਂ ਲੈ ਕੇ ਆਉਣ ਵਾਲੇ ਲੋਕਾਂ ਨੂੰ ਨਹੀ ਆਉਂਣ ਦਿੱਤੀ ਜਾਵੇਗੀ ਕੋਈ ਮੁਸ਼ਕਲ:- ਐਸ.ਐਸ.ਨਿੰਬਾਲੇ

ਸ੍ਰੀ ਮੁਕਤਸਰ ਸਾਹਿਬ ( ) ਸ੍ਰੀ ਧਰੁਮਨ ਐੱਚ ਨਿੰਬਾਲੇ ਆਈ.ਪੀ.ਐਸ. ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਲੋਕਾਂ ਨਾਲ ਪੁਲਿਸ ਦਾ ਸਿੱਧਾ ਤਾਲਮੇਲ ਬਣਾਉਦਿਆਂ ਜਿੱਥੇ ਪੁਲਿਸ ਦੀਆਂ ਅਲੱਗ ਅਲੱਗ ਟੀਮਾਂ ਵੱਲੋਂ ਪਿੰਡਾਂ ਅਤੇ ਸ਼ਹਿਰਾ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਸੈਮੀਨਰ ਲਗਾਏ ਜਾ ਰਹੇ ਹਨ ਉੱਥੇ ਹੀ ਆਪਣੇ ਦਫਤਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀ ਦਰਖਾਸਤਾਂ ਤੇ ਤੁਰੰਤ ਕਾਰਵਾਈ ਲਈ ਆਪਣੇ ਅਧੀਨ ਆਉਦੇਂ ਪੁਲਿਸ ਅਧਿਕਾਰੀਆਂ/ਕ੍ਰਮਚਾਰੀਆਂ ਰਾਹੀ ਤਫਤੀਸ਼ ਕਰਵਾਈ ਜਾ ਰਹੀ ਹੈ ਤੇ ਉਨ੍ਹਾਂ ਨੂੰ ਬਣਦਾ ਇੰਨਸਾਫ ਦਵਾਇਆ ਜਾ ਰਿਹਾ ਹੈ ਅਤੇ ਆਪਣੇ ਦਫਤਰ ਵਿਖੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾ ਰਿਹਾ ਹੈ। ਪਿਛਲੇ ਦਿਨੀ ਐਸ.ਐਸ.ਪੀ ਵੱਲੋਂ ਆਪਣੇ ਦਫਤਰ ਦੀ ਇੰਸ਼ਪੈਕਸ਼ਨ ਕੀਤੀ ਗਈ ਜਿਸ ਅਧੀਨ ਉਨ੍ਹਾਂ ਨੇ ਪਾਇਆ ਕਿ ਆਪਣੀਆਂ ਸਮੱਸਿਆਵਾਂ ਅਤੇ ਦਰਖਾਸਤਾਂ ਲੈ ਕੇ ਮਿਲਣ ਲਈ ਆਏ ਲੋਕਾਂ ਲਈ ਬੈਠਣ ਦਾ ਸਹੀ ਜਗ੍ਹਾ ਨਹੀਂ ਸੀ। ਜਿਸ ਤੇ ਐਸ.ਐਸ.ਪੀ ਵੱਲੋ ਲੋਕਾਂ ਦੇ ਬੈਠਣ ਲਈ (ਵੈਟਿੰਗ ਰੂਮ) ਵਧੀਆ ਵੈਟਿੰਗ ਰੂਮ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦਫਤਰ ਵਿਖੇ ਆਪਣੀਆਂ ਸਮੱਸਿਆਵਾਂ ਅਤੇ ਦਰਖਾਸਤਾਂ ਲੈ ਕੇ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।